12/6/21, 3:53 PM 3.3.2/2017-18/31



*International Journal of Innovative Social Science & Humanities Research* ISSN : 2349-1876(Print) / ISSN : 2454-1826 (Online)

# ਮੀਡਿਆ ਅਤੇ ਪੰਜਾਬੀ ਸਭਿਆਚਾਰ

ਡਾ. ਹਰਵਿੰਦਰ ਔਲਖ

"ਇਹ ਉਹ ਧਰਤੀ ਹੈ ਜਿਥੇ ਵੈਦਿਕ ਸੰਸਕ੍ਰਿਤੀ ਜੰਮੀ, ਪਲੀ ਤੇ ਜਵਾਨ ਹੋਈ। ਇਥੇ ਹੀ ਪ੍ਰਾਚੀਨ ਗ੍ਰੰਥ ਰਿ-ਗਵੇਦ ਰਚਿਆ ਗਿਆ।" ਇਹ ਕਥਨ ਉੱਘੇ ਵਿਦਵਾਨ ਡਾ. ਸੁਰਿੰਦਰ ਸਿੰਘ ਕੋਹਲੀ ਦਾ ਹੈ। ਉਹਨਾਂ ਕਿਸੇ ਤਰ੍ਹਾਂ ਦੀ ਅੱਤਕਥਨੀ ਤੋਂ ਕੰਮ ਨਹੀਂ ਲਿਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਸਾਹਿਤ ਨੇ ਸਾਡੇ ਸਭਿਆ-ਚਾਰ ਉੱਪਰ ਨਾ ਮਿਟਣ ਵਾਲਾ ਪ੍ਰਭਾਵ ਪਾਇਆ ਹੈ। ਉਸ ਸਮੇਂ ਭਾਵੇਂ ਸੰਚਾਰ ਦੇ ਸਾਧਨ ਬਹੁਤੇ ਨਹੀਂ ਸਨ, ਬਹੁਤ ਘੱਟ ਜਾਂ ਨਾ ਗੌਲੇ ਜਾਣ ਯੋਗ ਹੋਣਗੇ ਪਰ ਉਸ ਸਮੇਂ ਵੀ ਸਾਹਿਤ ਨੇ ਸਾਡੀ ਰਹਿਣੀ-ਸਹਿਣੀ, ਸਾਡੇ ਆਚਾਰ-ਵਿਚਾਰ, ਸਾਡੀ ਸੋਚ 'ਤੇ ਅਮਿਟ ਪ੍ਰਭਾਵ ਛੱਡਿਆ ਸੀ।

ਜਿਵੇਂ ਕੁਦਰਤ ਆਪਣੇ ਨਿਯਮਾਂ ਅਨੁਸਾਰ ਕੰਮ ਕਰਦੀ ਹੈ ਤਿਵੇਂ ਮਨੁੱਖੀ ਸਮਾਜ ਦਾ ਸੰਚਾਲਨ ਉਸ ਦੇ ਵਿਸ਼ੇਸ਼ ਨਿਯਮਾਂ ਅਧੀਨ ਹੁੰਦਾ ਹੈ। ਇਨਾਂ ਵਿਸ਼ੇਸ਼ ਨਿਯਮਾਂ ਨੂੰ ਅੱਗੇ ਚੱਲ ਕੇ ਸਭਿਆਚਾਰ ਦਾ ਨਾਂਅ ਦੇ ਦਿੱਤਾ ਗਿਆ। ਇਹ

https://drive.google.com/drive/folders/17M-AUhwBi5eZ3zcNK0p1dqExE2ERpXqk 1/1